**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ**
**ਐਸ ਸੀ ਓ–104–106, ਸੈਕਟਰ– 34 ਅ, ਚਡੀਗੜ੍ਹ**
**ਫੋਨ ਨੰ: 2623207, 2621106,2624673,**
**ਫੈਕਸ ਨੰ: 2624687, 2323206**

ਵੱਲ

ਸਾਰੇ ਜਿਲਾ ਸਿੱਖਿਆ ਅਫਸਰ, (ਸੈ.ਸਿ)
ਪੰਜਾਬ ।

ਮੀਮੋ ਨੰ: 2/1–ICT-2009/DIET/30776-795
ਮਿਤੀ : 26 ਮਾਰਚ, 10

**ਵਿਸ਼ਾ:** **ਕੱਲਸਟਰ ਪੱਧਰ ਤੇ ਕੰਪਿਊਟਰ ਦੀ ਟ੍ਰੇਨਿੰਗ ਸੰਬੰਧੀ ।**

1. ਉਪਰੋਕਤ ਵਿਸ਼ੇ ਤੇ ਧਿਆਨ ਦੇਵੋ ਜੀ ।

2. ਇਹ ਫੈਸਲਾ ਲਿਆ ਗਿਆ ਹੈ ਕਿ ਸਮੂਹ ਪੰਜਾਬ ਦੇ ਪ੍ਰਾਇਮਰੀ ਕੱਲਸਟਰ ਸਕੂਲਾਂ ਦੇ ਦੋ–ਦੋ ਅਧਿਆਪਕਾਂ ਨੂੰ ਦੋ ਰੋਜ਼ਾ ਕੰਪਿਊਟਰ ਟ੍ਰੇਨਿੰਗ (ਮਿਤੀ 05–04–10 ਅਤੇ 06–04–10) ਬਲਾਕ ਦੇ ਕਿਸੇ ਇੱਕ ਸਰਕਾਰੀ ਸੈਕੰਡਰੀ / ਹਾਈ ਸਕੂਲ ਵਿੱਚ ਕਰਵਾਈ ਜਾਵੇਗੀ । ਟ੍ਰੇਨਿੰਗ ਦਾ ਸਮਾਂ 9:00 ਵਜੇ ਤੋਂ 3:20 ਤੱਕ ਦਾ ਹੋਵੇਗਾ । ਇਹ ਟੇਨਿੰਗ ਸੰਬੰਧਤ ਸਰਕਾਰੀ ਸੈਕੰਡਰੀ / ਹਾਈ ਸਕੂਲ ਦੇ ਮੁੱਖੀ ਦੀ ਦੇਖ ਰੇਖ ਹੇਠ ਕਰਵਾਈ ਜਾਵੇਗੀ । ਟ੍ਰੇਨਿੰਗ ਦੌਰਾਨ ਬਿਜਲੀ ਨਾ ਹੋਣ ਦੀ ਸੂਰਤ ਵਿੱਚ ਜਨਰੇਟਰ ਦਾ ਪ੍ਰਬੰਧ ਸਕੂਲ ਮੁੱਖੀ ਵੱਲੋਂ ਕੀਤਾ ਜਾਵੇਗਾ। ਜਿਸ ਤੇ ਆਉਣ ਵਾਲਾ ਖਰਚਾ ਮੈਨੈਜਮੈਂਟ ਕੋਸਟ ਵਿੱਚੋ ਕੀਤਾ ਜਾਵੇਗਾ ।

3. ਹਰੇਕ ਟ੍ਰੇਨਿੰਗ ਸੈਂਟਰ ਵਿੱਚ ਲਗਭਗ 20–25 ਅਧਿਆਪਕ ਟ੍ਰੇਨਿੰਗ ਲੈਣਗੇ ਅਤੇ ਉਨ੍ਹਾਂ ਨੂੰ ਟ੍ਰੇਨਿੰਗ ਦੇਣ ਲਈ ਦੋ ਕੰਪਿਊਟਰ ਅਧਿਆਪਕ ਨਿਯੁਕਤ ਕੀਤੇ ਜਾਣਗੇ ।

4. ਟ੍ਰੇਨਿੰਗ ਦਾ ਸਥਾਨ ਹਰ ਬਲਾਕ ਦਾ ਇੱਕ ਸਰਕਾਰੀ ਸੀਨੀਅਰ ਸੈਕੰਡਰੀ / ਹਾਈ ਸਕੂਲ ਹੋਣਗੇ।

5. ਟ੍ਰੇਨਿੰਗ ਦਾ ਵਿਸ਼ਾ :- ਵਿਸ਼ੇਸ਼ ਤੌਰ ਤੇ ਈ.ਮੇਲ ਭੇਜਣਾਂ, ਪ੍ਰਾਪਤ ਕਰਨਾ, ਪ੍ਰਿੰਟ ਆਊੱਟ ਲੈਣਾ, ਵੈਬਸਾਇਟ ਦੇਖਣਾ, ਇੰਟਰਨੈੱਟ ਵਰਤਣਾ, ਡਾਟਾ ਐਂਟਰੀ ਕਰਨਾ ਅਤੇ ਸੇਵ ਕਰਨਾ ਆਦਿ ਬਾਰੇ ਹੋਵੇਗਾ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਪਿਠ ਅੰਕਣ ਨੰ: 2/1–ICT-2009/DIET/30796-815 ਮਿਤੀ : 26 ਮਾਰਚ, 10

ਇਸ ਪੱਤਰ ਦਾ ਉਤਾਰਾ ਜਿਲਾ ਸਿੱਖਿਆ ਅਧਿਕਾਰੀ (ਐ.ਸਿ) ਨੂੰ ਪ੍ਰਾਇਮਰੀ ਅਧਿਆਪਕਾਂ ਨੂੰ ਟ੍ਰੇਨਿੰਗ ਲਈ ਨਾਮਜ਼ਦ ਕਰਨ ਅਤੇ ਜਿਲਾ ਸਿੱਖਿਆ ਅਫਸਰ (ਸੈ.ਸਿ), ਨਾਲ ਲੋੜੀਂਦਾ ਤਾਲਮੇਲ ਕਰਨ ਹਿੱਤ ਭੇਜਿਆ ਜਾਂਦਾ ਹੈ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**